FirstRanker.com
Firstranker's choice
www.FirstRanker.com www.FirstRanker.com

This Question Paper consists of 14 questions and 8 printed pages.
ਇਸ ਪ੍ਰਸ਼ਨ-ਪੱਤਰ ਵਿੱਚ 14 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

Code No. 53/S/O/P
ਕੋਡ ਨੰ.
Set - A

# PUNJABI
## (ਪੰਜਾਬੀ)
## (210)

Day and Date of Examination
ਪਰਿਖਿਆ ਦਾ ਦਿਨ ਅਤੇ ਮਿਤੀ ____________________

Signature of Invivilators
ਨਿਰੀਖਕਾਂ ਦੇ ਦਸਖ਼ਤ 1. ____________________

2. ____________________

**ਆਮ ਨਿਰਦੇਸ਼ :-**

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 53/S/O/P-A ਜ਼ਰੂਰ ਲਿਖੋ ।



www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI

## (ਪੰਜਾਬੀ)

## (210)

Time : 3 Hours ] [Maximum Marks : 100

ਸਮਾਂ : 3 ਘੰਟੇ ] [ ਕੁੱਲ ਅੰਕ : 100

---

ਨੋਟ :- (1) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉੱਤਰ ਲਿਖੋ ।

---

1 ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2×4=8

'ਅਧਿਆਪਕ ਆਮ ਇਨਸਾਨ ਹੁੰਦੇ ਹੋਏ ਵੀ ਵੱਖ-ਵੱਖ ਸਖਸ਼ੀਅਤਾਂ ਦਾ ਮਾਲਕ ਹੁੰਦਾ ਹੈ । ਉਹ ਪੜਿਆ ਲਿਖਿਆ, ਸਮਾਜ ਦੇ ਹੋਰ ਲੋਕਾਂ ਨਾਲੋਂ ਰਤਾ ਵੱਧ ਸਿਆਣਾ, ਸਾਦਾ, ਸਾਫ਼ ਸਪੱਸ਼ਟ ਅਤੇ ਇਮਾਨਦਾਰ ਇਨਸਾਨ ਹੁੰਦਾ ਹੈ । ਉਹ ਜ਼ੁਬਾਨ ਦਾ ਮਿੱਠਾ, ਵਚਨ ਦਾ ਪੱਕਾ ਤੇ ਇਰਾਦੇ ਦਾ ਮਜ਼ਬੂਤ ਹੁੰਦਾ ਹੈ । ਉਹ ਜਾਣਦਾ ਹੈ ਕਿ ਸਮਾਜ ਇਸ ਤੋਂ ਵਧ ਉਸ ਨੂੰ ਕੀ ਇੱਜ਼ਤ ਦੇ ਸਕਦਾ ਹੈ । ਜਦੋਂ ਉਹ ਆਪਣੇ ਭੋਲੇ-ਭਾਲੇ, ਨਿੱਕੇ-ਨਿੱਕੇ ਅੱਖਾਂ ਦੇ ਤਾਰਿਆਂ ਨੂੰ ਜਿਗਰ ਦੇ ਟੁੱਕੜਿਆਂ ਅਰਥਾਤ ਬੱਚਿਆ ਨੂੰ ਉਸ ਦੇ ਸਪੁਰਦ ਕਰਕੇ, ਬਿਲਕੁਲ ਨਿਸਚਿੰਤ ਹੋ ਜਾਂਦਾ ਹੈ । ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਮਾਜ ਉਸ ਉੱਤੇ ਯਕੀਨ ਕਰਦਾ ਹੈ, ਜੋ ਵੀ ਉਹ ਬੱਚਿਆਂ ਨੂੰ ਦੱਸੇਗਾ, ਜਿਹੜੀਆਂ ਆਦਤਾਂ, ਉਹਨਾਂ ਵਿੱਚ ਪਾਏਗਾ, ਉਹ ਬੱਚਿਆਂ ਅਤੇ ਮਾਪਿਆਂ ਲਈ ਲਾਭਦਾਇਕ ਹੋਣਗੀਆਂ । ਮਾਪੇ ਜਾਣਦੇ ਹਨ ਕਿ ਅਧਿਆਪਕ ਦੇ ਹੁੰਦਿਆਂ ਬੱਚਿਆਂ ਨੂੰ ਕੋਈ ਖ਼ਤਰਾ ਨਹੀਂ, ਡਰ ਨਹੀਂ, ਚਿੰਤਾ ਨਹੀਂ ।'

ਅਧਿਆਪਕ ਬੱਚਿਆਂ ਦਾ ਰਾਖਾ ਵੀ ਹੈ ਤੇ ਰਹਿਮਤ ਵੀ ਹੈ । ਕੋਈ ਵੀ ਬੰਦਾ ਕੌਮ ਨੂੰ ਉਸ ਦੇ ਬੱਚਿਆਂ ਨੂੰ ਸਿੱਖਿਆ ਦੇਣ, ਉਹਨਾਂ ਵਿੱਚ ਚੰਗੇ, ਇਜ਼ਤਦਾਰ, ਜ਼ਿੰਮੇਵਾਰ ਪੜ੍ਹੇ ਲਿਖੇ ਸੁਤੰਤਰ ਅਤੇ ਪਾਰਜਾ ਤੰਤਰ ਦੇ ਉੱਚੇ ਆਦਰਸ਼ ਵਾਲੇ, ਸ਼ਹਿਰੀ ਗੁਣ ਪੈਦਾ ਕਰਨ ਤੋਂ ਚੰਗੇਰੀ ਚੀਜ਼ ਨਹੀ ਦੇ ਸਕਦਾ ਹੈ । ਕੰਮ ਦੇ ਮਹੱਤਵ ਦਾ ਅਹਿਸਾਸ ਅਧਿਆਪਕ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਤੇ ਬੱਚਿਆਂ ਦੇ ਸਾਹਮਣੇ ਆਪਣੀ ਮਿਸਾਲ, ਚੰਗੇ ਆਦਰਸ਼ ਇਨਸਾਨ ਦੇ ਰੂਪ ਵਿੱਚ ਰੱਖਣ ਦੀ ਪ੍ਰੇਰਣਾ ਦਿੰਦਾ ਹੈ । ਇਸ ਲਈ ਅਧਿਆਪਕ ਉਹ ਇਨਸਾਨ ਹਨ, ਜੋ ਜ਼ਿੰਦਗੀ ਭਰ ਪੜ੍ਹਦਾ ਰਹਿੰਦਾ ਹੈ ।

(i) ਉਪਰੋਕਤ ਦਿੱਤੇ ਅਣ-ਡਿੱਠੇ ਪੈਰੇ ਵਿੱਚ ਕਿਸ ਬਾਰੇ ਵਰਣਨ ਕੀਤਾ ਗਿਆ ਹੈ ? ਉਸ ਬਾਰੇ ਕੀ ਕਿਹਾ ਗਿਆ ਹੈ ?

(ii) ਉਪਰੋਕਤ ਸਤਰਾਂ ਅਨੁਸਾਰ ਬੱਚਿਆਂ ਦੀ ਜ਼ਿੰਮੇਵਾਰੀ ਕਿਸ ਉੱਤੇ ਪਾਕੇ ਮਾਪੇ ਭਰੋਸਾ ਕਰਦੇ ਹਨ ਅਤੇ ਕਿਉਂ ?

(iii) ਅਧਿਆਪਕ ਸਮਾਜ ਬਾਰੇ ਕੀ ਸੋਚ ਕੇ ਸੰਤੁਸ਼ਟ ਹੁੰਦਾ ਹੈ ?

(iv) ਅਧਿਆਪਕ ਜ਼ਿੰਦਗੀ ਭਰ ਕਿਉਂ ਪੜ੍ਹਦਾ ਰਹਿੰਦਾ ਹੈ ?



www.FirstRanker.com

2 ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ, ਹਰ ਇੱਕ ਦਾ ਇੱਕ ਅੰਕ ਹੈ : 1×15=15

(i) ਪੰਜਾਬੀ ਵਿੱਚ ਕਿੰਨੇ ਲਗੁ ਅੱਖਰ ਹਨ ?

(A) ਦੋ (B) ਤਿੰਨ

(C) ਚਾਰ (D) ਸੱਤ

(ii) ਜਿਸ ਸ਼ਬਦ ਤੋਂ ਕਿਸੇ ਕੰਮ ਦੇ ਕਰਨ ਜਾਂ ਹੋਣ ਦਾ ਪਰਗਟਾਵਾ ਹੋਵੇ, ਉਸ ਨੂੰ ਕੀ ਕਹਿੰਦੇ ਹਨ :

(A) ਪੜਨਾਂਵ (B) ਸਕਰਮਕ ਕਿਰਿਆ

(C) ਅਕਰਮਕ ਕਿਰਿਆ (D) ਕਿਰਿਆ

(iii) ਪਾਰਥ ਪੜ ਰਿਹਾ ਹੈ, ਇਸ ਵਿੱਚ ਕਿਹੜੀ ਕਿਰਿਆ ਹੈ :

(A) ਸਕਰਮਕ ਕਿਰਿਆ (B) ਸਹਾਇਕ ਕਿਰਿਆ

(C) ਅਕਰਮਕ ਕਿਰਿਆ (D) ਪਤਾ ਨਹੀਂ

(iv) ਹੇਠ ਲਿਖਿਆਂ ਵਿੱਚੋਂ ਕਿਹੜਾ ਸਬਦ ਇਸਤਰੀ ਲਿੰਗ ਨਹੀਂ ਹੈ ?

(A) ਅੱਗ (B) ਸਹੁੰ

(C) ਦੁੱਧ (D) ਜੱਟੀ

(v) ਹੇਠ ਦਿੱਤੇ ਸ਼ਬਦਾਂ ਵਿੱਚ ਕਿਸ ਸ਼ਬਦ ਦਾ ਇੱਕ 'ਵਚਨ' ਰੂਪ ਵੀ ਹੋ ਸਕਦਾ ਹੈ ?

(A) ਲੋਕ (B) ਸਹੁਰੇ

(C) ਪੇਕੇ (D) ਚੰਗੀ

(vi) ਹੇਠ ਲਿਖਿਆਂ ਵਿੱਚੋਂ ਕਿਹੜਾ ਲਗਾਖਰ ਨਹੀਂ ਹੈ :

(A) ਟਿੱਪੀ (B) ਅੱਧਕ

(C) ਦੁਲੈਂਕੜ (D) ਬਿੰਦੀ

(vii) ਆਸ਼ਾਵਾਂ ਦਾ ਇੱਕ 'ਵਚਨ' ਹੈ :

(A) ਆਸ਼ਾਏਂ (B) ਆਸੇ

(C) ਆਸ਼ਾ (D) ਆਸੁ

FirstRanker.com
Firstranker's choice
www.FirstRanker.com www.FirstRanker.com

(viii) ਭਗਤ ਸਿੰਘ ਨੇ ਦੇਸ਼ ਲਈ ਕੁਰਬਾਨੀ ਦਿੱਤੀ :

'ਕੁਰਬਾਨੀ' ਸ਼ਬਦ ਦਾ ਸਹੀ ਵਿਕਲ ਚੁਣੋ :

(A) ਜੇਲ ਕੱਟੀ (B) ਸ਼ਹਾਦਤ ਦਿੱਤੀ

(C) ਕੱਤਲ ਕੀਤਾ (D) ਗੋਲੀ ਮਾਰੀ

(ix) 'ਸਰਲ' ਦਾ ਸਮਾਨਾਰਥਕ ਸ਼ਬਦ ਨਹੀਂ ਹੈ :

(A) ਸੁਖਾਲਾ (B) ਆਸਾਨ

(C) ਸਾਦਗੀ (D) ਸੌਖਾ

(x) ਮੇਰੀ ਪੱਗ ਦਾ ਰੰਗ ਨੀਲਾ ਹੈ। ਇਸ ਵਾਕ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣੋ :

(A) ਪੱਗ (B) ਰੰਗ

(C) ਨੀਲਾ (D) ਮੇਰੀ

(xi) ਸ਼ੁਧ ਸ਼ਬਦ ਜੋੜ ਚੁਣੋ :

(A) ਮਨਦਰ (B) ਮਦਰ

(C) ਮੰਦਰ (D) ਮਣਦਰ

(xii) ਬਚਪਨ ਵਿੱਚ ਸਿੱਖੀ ਬੋਲੀ ਨੂੰ ਕਹਿੰਦੇ ਹਨ :

(A) ਇਲਾਕੇ ਦੀ ਬੋਲੀ (B) ਘਰ ਦੀ ਬੋਲੀ

(C) ਮਾਂ-ਬੋਲੀ (D) ਦੇਸ਼ ਦੀ ਬੋਲੀ

(xiii) 'ਹਿਜਰ' ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਹੈ :

(A) ਖੇੜਾ (B) ਨੀਰਸ

(C) ਵਿਛੋੜਾ (D) ਵਿਰੋਧੀ

(xiv) 'ਨਿਰਧਨ' ਸ਼ਬਦ ਦਾ ਸਹੀ ਵਿਪਰੀਤਾਰਥਕ ਸ਼ਬਦ ਹੈ :

(A) ਅਮੀਰ (B) ਮਾਲਦਾਰ

(C) ਧਨਵਾਨ (D) ਧਨਾਢ

(xv) ਉਹ ਕੁੱਝ ਵੀ ਕਹਿਣ ਤੋਂ ਅਸਮਰਥ ਸੀ।

ਅਸਮਰਥ ਸ਼ਬਦ ਦਾ ਸਹੀ ਵਿਕਲਪ ਕੀ ਹੈ ?

(A) ਅਸਫਲ (B) ਅਯੋਗ

(C) ਬੁਰਾ (D) ਕਮਜ਼ੋਰ



www.FirstRanker.com

FirstRanker.com
Firstranker's choice


3 ਹੇਠ ਲਿਖੇ ਅਖਾਣ ਅਤੇ ਮੁਹਾਵਰਿਆਂ ਨੂੰ ਪੂਰਾ ਕਰੋ : 1×5=5

(i) ਦਮ ਦਾ ਦਮਨ ................

(ii) ਬਿੱਲੀ ਨੂੰ ................

(iii) ਘੋੜੇ ਵੇਚ ਕੇ ................

(iv) ਜੰਗਲ ਵਿੱਚ ................

(v) ਢਿੱਡੀ ਪੀੜਾਂ ................

4 ਹੇਠ ਲਿਖੇ ਪੈਰੇ ਨੂੰ ਵਿਸ਼ਰਾਮ ਚਿੰਨ੍ਹ ਲਗਾਓ : 3

"ਸ਼ਰੀਰਕ, ਮਾਨਸਿਕ ਅਤੇ ਸਮਾਜਿਕ ਤੌਰ ਤੇ ਸੁਚੇਤ ਲੋਕ ਹੀ ਤੰਦਰੁਸਤ ਹੁੰਦੇ ਹਨ ।"

"ਅੱਜ ਦਾ ਮਨੁੱਖ ਮਾਨਸਿਕ ਅਤੇ ਸ਼ਰੀਰਕ ਬਿਮਾਰੀਆਂ ਨਾਲੋਂ ਮਾਨਸਿਕ ਅਤੇ ਸਮਾਜਿਕ ਬਿਮਾਰੀਆਂ ਵਿੱਚ ਜ਼ਿਆਦਾ ਘਿਰਦਾ ਜਾ ਰਿਹਾ ਹੈ ਜੇ ਖੰਘ, ਤਾਪ, ਸਿਰਦਰਦ, ਪੇਟਦਰਦ ਵਾਲਾ ਸ਼ਰੀਰਕ ਰੋਗੀ ਹੈ ਤਾਂ ਚੋਰ ਚਾਕੂ, ਜੇਬ ਕਤਰਾ ਜਾਂ ਹੋਰ ਕਿਸੇ ਤਰ੍ਹਾਂ ਦੇ ਅਪਰਾਧੀ ਨੂੰ ਅਸੀਂ ਮਾਨਸਿਕ ਰੋਗ ਕਹਿ ਸਕਦੇ ਹਾਂ ।"

5 ਹੇਠ ਲਿਖੇ ਸ਼ਬਦਾਂ ਵਿੱਚੋਂ ਦੋ ਦੋ ਬਹੁ-ਅਰਥਕ ਵਾਕ ਬਣਾਓ ਤਾਂ ਕਿ ਅਰਥ ਸ਼ਪੱਸ਼ਟ ਹੋ ਜਾਣ : 2

(i) ਸੂਤ

(ii) ਕਲੀ

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 250 ਸ਼ਬਦਾਂ ਦਾ ਲੇਖ ਲਿਖੋ : 10

(i) 'ਮਿਠੱਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ।

(ii) ਮੇਰਾ ਆਦਰਸ਼ਕ ਅਧਿਆਪਕ ।

(iii) ਅਖ਼ਬਾਰਾਂ ਦੇ ਲਾਭ ਤੇ ਹਾਨੀਆਂ ।

(iv) ਸਮੇਂ ਦੀ ਕਦਰ ।

7 ਆਪਣੇ ਮਿੱਤਰ ਨੂੰ ਪੱਤਰ ਲਿਖਕੇ ਦੱਸੋ ਕਿ ਨੈਸ਼ਨਲ ਇੰਸਟੀਟਿਊਟ ਆਫ਼ ਓਪਨ ਸਕੂਲਿੰਗ ਵਿੱਚ XII ਜਮਾਤ ਵਿੱਚ 2015 ਦੇ ਇਮਤਿਹਾਨ ਲਈ ਪੰਜਾਬੀ ਭਾਸ਼ਾ ਆਰੰਭ ਕਰ ਦਿੱਤੀ ਹੈ । 7

ਜਾਂ

ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਭੁਚਾਲ ਨਾਲ ਪੀੜਤ ਲੋਕਾਂ ਦੀ ਸਹਾਇਕ ਸਹਾਇਤਾ ਕਰਨ ਲਈ ਅਪੀਲ ਵਾਸਤੇ ਪੱਤਰ ਲਿਖੋ ।

8 'ਸਿੰਮਲ ਰੁੱਖ ਸਰਾਇਰਾ ਅਤਿ ਦੀਰਘ ਅਤਿ ਮੁਚ । 5

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸ਼ੇ ਕਿਤੁ'

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ" ਗੁਰੂ ਨਾਨਕ ਦੇਵ ਜੀ ਇਨ੍ਹਾਂ ਪੰਗਤੀਆਂ ਦੁਆਰਾ ਮਨੁੱਖੀ ਜੀਵਨ ਲਈ ਕੀ ਸੰਦੇਸ਼ ਦੇ ਰਹੇ ਹਨ ? ਉੱਤਰ 100-125 ਸ਼ਬਦਾਂ ਵਿੱਚ ਲਿਖੋ ।

ਜਾਂ

'ਕੁਝ ਰੁੱਖ ਮੈਨੂੰ', ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ

ਕੁਝ ਰੁੱਖ ਨੂੰਹਾਂ ਧੀਆਂ ਵਰਗੇ ਲਗਦੇ, ਕੁਝ ਰੁੱਖ ਵਾਂਗ ਭਰਾਵਾਂ ।

ਕੁਝ ਰੁੱਖ ਮੇਰੇ ਬਾਬੇ ਵਾਂਗਣ, ਪੁੱਤਰਟਾਵਾਂ ਟਾਵਾਂ

ਕੁਝ ਰੁੱਖ ਮੇਰੀ ਦਾਦੀ ਵਰਗੇ, ਚੂਰੀ ਪਾਵਣ ਕਾਂਵਾਂ ।'

ਉਪਰੋਕਤ ਕਾਵਿ-ਸਤਰਾਂ ਵਿੱਚ ਕਵੀ ਨੇ ਰੁੱਖਾਂ ਰਾਹੀਂ ਪ੍ਰਕ੍ਰਿਤੀ ਪ੍ਰਤੀ ਆਪਣੇ ਪਿਆਰ ਨੂੰ ਕਿਵੇਂ ਭਾਵੁਕ ਅੰਦਾਜ਼ ਵਿੱਚ ਪੇਸ਼ ਕੀਤਾ ਹੈ ? ਉੱਤਰ 100-125 ਸ਼ਬਦਾਂ ਵਿੱਚ ਲਿਖੋ ।

9 'ਸਾਂਝ' ਕਹਾਣੀ ਦਾ ਵਿਸ਼ਾ ਵਸਤੂ ਕੀ ਹੈ । ਕਹਾਣੀ ਦੇ ਆਧਾਰ ਤੇ 100-125 ਸ਼ਬਦਾਂ ਵਿੱਚ ਲਿਖੋ । 5

10 'ਇਕਾਂਗੀ ਬੇਈਮਾਨ' ਵਿੱਚੋਂ ਆਪਣੇ ਕਿਸੇ ਇੱਕ ਮਨਪਸੰਦ ਪਾਤਰ ਦੀ ਪਾਤਰ-ਉਸਾਰੀ 100-125 ਵਿੱਚ ਕਰੋ । 5

11 'ਭਗਤ ਸਿੰਘ' ਨੇ ਫਾਂਸੀ ਲੱਗਣ ਤੋਂ ਪਹਿਲਾ ਆਪਣੇ ਬਚਾਓ ਦਾ ਪੱਖ ਕਚਹਿਰੀ ਅੱਗੇ ਪੇਸ਼ ਕਿਉਂ ਨਹੀਂ ਸੀ ਕੀਤਾ ? ਉੱਤਰ 100-125 ਸ਼ਬਦਾਂ ਵਿੱਚ ਲਿਖੋ । 5

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਇੱਕ ਵਾਕ ਵਿੱਚ ਲਿਖੋ । ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ : 1×12=12

(i) 'ਫਰੀਦ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁਨ ਲੇਖੁ' ਫਰੀਦ ਜੀ ਦਾ ਕਾਲੇ ਲੇਖ ਲਿਖਣ ਤੋਂ ਕੀ ਭਾਵ ਹੈ ?

(ii) ਹੀਰ ਮੋਏ ਤੇ ਵਿਛੜੇ ਲੋਕਾਂ ਦੇ ਸੰਬੰਧ ਵਿੱਚ ਕੀ ਆਖਦੀ ਹੈ ?

(iii) ਸ਼ਾਹ ਮੁਹੰਮਦ ਦਾ 'ਜੰਗਹਿੰਦ ਪੰਜਾਬ' ਤੋਂ ਕੀ ਭਾਵ ਹੈ ?

(iv) 'ਸਵਰਗ ਦੀ ਝਲਕ' ਕਿਸ ਕਹਾਣੀਕਾਰ ਦੀ ਕਹਾਣੀ ਹੈ ?

(v) 'ਸਾਂਝ' ਕਹਾਣੀ ਵਿੱਚ ਕਿਸ ਤਰ੍ਹਾਂ ਦੀ ਸਾਂਝ ਦੀ ਗੱਲ ਕੀਤੀ ਗਈ ਹੈ ?

(vi) ਕਈ ਵਾਰੀ ਬੱਸਾਂ, ਇੱਕ-ਦੂਜੇ ਤੋਂ ਅੱਗੇ ਸਵਾਰੀਆ ਲੈਣ ਲਈ ਵੀ ਦੌੜਦੀਆਂ ਹਨ, ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ?

(vii) ਪ੍ਰਿੰ: ਤੇਜਾ ਸਿੰਘ ਅਨੁਸਾਰ ਧਾਰਮਿਕ ਜੀਵਨ ਦੀ ਨੀਂਹ ਕਿੱਥੋਂ ਸ਼ੁਰੂ ਹੁੰਦੀ ਹੈ ?

(viii) ਸ: ਰਣਜੀਤ ਦੀ ਨਜ਼ਰ ਵਿੱਚ ਲੋਕ ਬਰਾਬਰੀ ਤੋਂ ਕੀ ਭਾਵ ਸੀ ?

(ix) ਸ: ਭਗਤ ਸਿੰਘ ਸ਼ੁਰੂ ਤੋਂ ਕਿਹੜੇ ਵਿਚਾਰਾਂ ਦਾ ਧਾਰਨੀ ਸੀ ?

(x) ਬਲੱਡ ਬੈਂਕ ਵਿੱਚ ਖ਼ੂਨਦਾਨ ਕਰਨ ਨਾਲ ਕੀ ਲਾਭ ਹੁੰਦਾ ਹੈ ?

(xi) ਮੋਟਰ ਵਰਕ ਸ਼ਾਪ ਵਿੱਚ ਹੋਰ ਕਿਹੜਾ ਮਿਸਤਰੀ ਹੈ ਜਿਸ ਤੇ ਮੈਨੇਜਰ ਵਿਸ਼ਵਾਸ ਕਰਦਾ ਹੈ ?

(xii) ਮਕੈਨਿਕ ਮੋਟਰ ਵਾਲੇ ਦੀ ਪਤਨੀ ਨੂੰ ਕੀ ਦੱਸਦਾ ਹੈ ? ਕਿ ਉਸ ਨੇ ਪੰਜ ਰੁਪਏ ਕਿਸ ਮਜ਼ਬੂਰੀ ਵਿੱਚ ਲਏ ਸਨ ?

FirstRanker.com
Firstranker's choice
www.FirstRanker.com www.FirstRanker.com

13 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : 6×2=12

(i) ਕਵੀਸ਼: ਧਨੀਰਾਮ ਚਾਤ੍ਰਿਕ ਨੇ 'ਇਨਸਾਨਤਾਨ' ਕਵਿਤਾ ਵਿੱਚ ਕੀ ਸੁਨੇਹਾ ਦਿੱਤਾ ਹੈ ?

(ii) ਕਵੀ ਸ਼ਿਵਕੁਮਾਰ ਬਟਾਲਵੀ ਨੇ 'ਰੁੱਖ' ਕਵਿਤਾ ਵਿੱਚ ਕੀ ਸੁਨੇਹਾ ਦਿੱਤਾ ਹੈ ? ਰੁੱਖਾਂ ਨੂੰ ਉਹ ਕਿਵੇਂ ਮੰਨਦਾ ਹੈ ?

(iii) ਕਹਾਣੀਕਾਰ ਅਜੀਤ ਕੌਰ ਸੋਚਦੀ ਹੈ ਕਿ 'ਨੰਦੂ' ਆਪ ਤਾਂ ਆਪਣੀ ਕਹਾਣੀ ਪੜ੍ਹ ਨਹੀਂ ਸਕੇਗਾ ਫਿਰ ਵੀ ਉਸ ਨੇ ਉਸ ਦੀ ਕਹਾਣੀ ਕਿੰਨਾਂ ਲੋਕਾਂ ਲਈ ਲਿਖੀ ਹੈ ?

(iv) ਗੁਰੂ ਨਾਨਕ ਦੇਵ ਜੀ ਦੇ ਮਨ ਵਿੱਚ ਆਪਣੀ ਭੈਣ ਬੀਬੀ ਨਾਨਕੀ ਪ੍ਰਤੀ ਕੀ ਭਾਵਨਾ ਸੀ ?

(v) ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਆਪਣੇ ਲੇਖ 'ਵਾਤਾਵਰਣ ਵਿੱਚ ਕੀ ਦਸਦਾ ਹੈ ਕਿ ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ ।'

(vi) ਸ: ਰਣਜੀਤ ਸਿੰਘ ਆਪਣੇ ਜਰਨਾਂ ਨੂੰ ਕੀ ਹੁਕਮ ਦੇ ਰੱਖਿਆ ਸੀ ?

14 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ : 2×3=6

(i) "ਫਰੀਦਾ ਕੋਠੇ ਮੰਡਪ ਮਾੜੀਆਂ ਏਤੁ ਨਾ ਲਾਏ ਚਿਤੁ
ਮਿੱਟੀ ਪਈ ਅਤੋਲਵੀਂ ਕੋਇ ਨਾ ਹੋਸੀ ਮਿਤੁ"

ਫਰੀਦ ਜੀ ਉਪਰੋਕਤ ਸਲੋਕ ਵਿੱਚ ਕੀ ਉਪਦੇਸ਼ ਦੇ ਰਹੇ ਹਨ ?

(ii) ਕੰਡਕੱਟਰ ਜੀਤ ਦੀ ਕਿਹੜੀ ਗੱਲ ਸੁਣਕੇ ਡਾਕਟਰ ਪਾਲੀ ਦੀਆਂ ਅੱਖਾਂ ਮੋਹ ਭਿੱਜੀਆਂ ਹੋ ਗਈਆਂ ?

---



www.FirstRanker.com